ISSN : 2395-1273

# ਸੰਵਾਦ

www.sanvad.org

21 ਵਾਂ ਅੰਕ
ਜਨਵਰੀ-ਜੂਨ 2025



Refugee Women (S.L. Prashar) Partition Museum

ESTD. 1892

ਪੰਜਾਬੀ ਅਧਿਐਨ ਵਿਭਾਗ

ਖ਼ਾਲਸਾ ਕਾਲਜ ਅੰਮ੍ਰਿਤਸਰ

ਛਿਮਾਹੀ ਖੋਜ ਰਸਾਲਾ

ਜਨਵਰੀ-ਜੂਨ 2025

ਅੰਕ-21ਵਾਂ

**ਸਰਪ੍ਰਸਤ**

ਡਾ. ਅਰਵਿੰਦਰ ਕੌਰ ਕਾਹਲੋਂ

ਪ੍ਰਿੰਸੀਪਲ (ਕਾਰਜਕਾਰੀ)

ਖ਼ਾਲਸਾ ਕਾਲਜ ਅੰਮ੍ਰਿਤਸਰ

**ਮੁੱਖ ਸੰਪਾਦਕ**

ਡਾ. ਆਤਮ ਸਿੰਘ ਰੰਧਾਵਾ

ISSN : 2395-1273

# ਸੰਵਾਦ

## ਪੰਜਾਬੀ ਰੈਫ਼ਰੀਡ ਰਿਸਰਚ ਜਰਨਲ

*A Peer Reviewed Punjabi Research Journal*

ਯੂ.ਜੀ.ਸੀ. ਦੀ 'ਅਕਾਦਮਿਕ ਅਤੇ ਖੋਜ ਨੈਤਿਕਤਾ ਸੰਸਥਾ' ਵੱਲੋਂ ਪ੍ਰਵਾਨਿਤ



ESTD. 1892

ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ

**ਖ਼ਾਲਸਾ ਕਾਲਜ ਅੰਮ੍ਰਿਤਸਰ-143002**

# Sanvad

**(Dialogic)**

**PUNJABI REFEREED RESEARCH JOURNAL**

Bi- Annual

A Peer Reviewed Punjabi Research Journal of the Post-Graduate Department of Punjabi Studies, Khalsa College, Amritsar.

**(UGC-CARE APPROVED JOURNAL)**

Email : sanvadpunjabi@gmail.com, www.sanvad.org

**Patron :**

***Dr. A. K. Kahlon***

**+91 98724-56833**

**Chief Editor:**

***Dr. Atam Singh Randhawa***

**+91 98722-17273**

**ISSN : 2395-1273**

**January-June 2025**



**ਸਲਾਹਕਾਰ ਬੋਰਡ**

**ਡਾ. ਮਹਿਲ ਸਿੰਘ**

ਵਾਈਸ ਚਾਂਸਲਰ, ਖ਼ਾਲਸਾ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਰਮਿੰਦਰ ਕੌਰ, ਸਾਬਕਾ ਮੁਖੀ**

ਪੰਜਾਬੀ ਅਧਿਐਨ ਸਕੂਲ, ਗੁਰੂ ਨਾਨਕ ਦੇਵ ਯੂਨੀਵਰਸਿਟੀ, ਅੰਮ੍ਰਿਤਸਰ

**ਪ੍ਰੋ. (ਡਾ.) ਸੁਰਜੀਤ ਸਿੰਘ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਪ੍ਰੋ. (ਡਾ.) ਯੋਗਰਾਜ ਅੰਗਰਿਸ਼, ਮੁਖੀ**

ਪੰਜਾਬੀ ਵਿਭਾਗ, ਪੰਜਾਬ ਯੂਨੀਵਰਸਿਟੀ, ਚੰਡੀਗੜ੍ਹ

**ਪ੍ਰੋ. (ਡਾ.) ਰਵੀ ਰਵਿੰਦਰ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਕੁਲਵੀਰ ਗੋਜਰਾ, ਮੁਖੀ**

ਪੰਜਾਬੀ ਵਿਭਾਗ, ਦਿੱਲੀ ਯੂਨੀਵਰਸਿਟੀ, ਦਿੱਲੀ

**ਪ੍ਰੋ. (ਡਾ.) ਗੁਰਮੁਖ ਸਿੰਘ, ਮੁਖੀ**

ਪੰਜਾਬੀ ਵਿਭਾਗ, ਪੰਜਾਬੀ ਯੂਨੀਵਰਸਿਟੀ, ਪਟਿਆਲਾ

**ਡਾ. ਕੁਲਵੰਤ ਸਿੰਘ, ਸਾਬਕਾ ਪ੍ਰੋਫ਼ੈਸਰ**

ਲਾਇਲਪੁਰ ਖ਼ਾਲਸਾ ਕਾਲਜ, ਜਲੰਧਰ

ਅਕਾਦਮਿਕ ਸਹਿਯੋਗ : ਸਮੂਹ ਸਟਾਫ਼ ਪੰਜਾਬੀ ਅਧਿਐਨ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ


**ਨੋਟ: ਲੇਖਕ ਆਪਣੇ ਵਿਚਾਰਾਂ ਲਈ ਖ਼ੁਦ ਜ਼ਿੰਮੇਵਾਰ ਹੈ।**


**ਚੰਦਾ ਭੇਜਣ ਤੇ ਮਿਲਣ ਦਾ ਪਤਾ**

**ਪ੍ਰਿੰਸੀਪਲ**

**ਖ਼ਾਲਸਾ ਕਾਲਜ, ਅੰਮ੍ਰਿਤਸਰ**

khalsacollegeamritsar@yahoo.com

www.khalsacollege.edu.in

**ਚੰਦਾ**

| | |
|---|---|
| **ਜੀਵਨ ਮੈਂਬਰ** | : ₹ 3000 |
| **ਪੰਜ ਸਾਲਾ** | : ₹ 1800 |
| **ਇਹ ਅੰਕ** | : ₹ 200 |

Online Payment: **A/c : 3397000100467796 IFSC : PUNB0339700**

Punjab National Bank Kot Khalsa, Amritsar



**© Principal, Khalsa College Amritsar**



**'ਸੰਵਾਦ'** ਪੰਜਾਬੀ ਰਿਸਰਚ ਜਰਨਲ, ਖ਼ਾਲਸਾ ਕਾਲਜ ਅੰਮ੍ਰਿਤਸਰ ਦੇ ਪੋਸਟ ਗ੍ਰੈਜੂਏਟ ਪੰਜਾਬੀ ਅਧਿਐਨ ਵਿਭਾਗ ਵੱਲੋਂ ਪ੍ਰਿੰਟਵੈੱਲ, 146, ਇੰਡਸਟ੍ਰੀਅਲ ਫ਼ੋਕਲ ਪੁਆਇੰਟ, ਅੰਮ੍ਰਿਤਸਰ ਤੋਂ ਛਪਵਾ ਕੇ ਪ੍ਰਕਾਸ਼ਿਤ ਕੀਤਾ ।

# ਸੰਵਾਦ


**ਪੰਜਾਬੀ ਰੈਫ਼ਰੀਡ ਖੋਜ ਰਸਾਲਾ**

**ਛਿਮਾਹੀ**

**ਸਾਲ - 11ਵਾਂ, ਅੰਕ - 21ਵਾਂ ||| ਜਨਵਰੀ-ਜੂਨ 2025**


## ਤਤਕਰਾ


- **ਸੰਪਾਦਕੀ** 5
- **ਕੁਆਂਟਮ ਕਾਵਿ-ਸ਼ਾਸਤਰ** 9
  ਅਮਰਜੀਤ ਸਿੰਘ ਗਰੇਵਾਲ
- **ਤੂਤਾਂ ਵਾਲਾ ਖੂਹ : ਸਮਾਜ-ਇਤਿਹਾਸ ਦਾ ਗਲਪੀ ਦਸਤਾਵੇਜ਼** 16
  ਡਾ. ਮਹਿਲ ਸਿੰਘ
- **ਦੇਸ਼ ਵੰਡ ਦਾ ਪੰਜਾਬ ਦੇ ਅਰਥਚਾਰੇ ਉਪਰ ਪ੍ਰਭਾਵ : ਇਕ ਸੰਖੇਪ ਵਿਸ਼ਲੇਸ਼ਣ** 22
  ਡਾ. ਰਣਜੀਤ ਸਿੰਘ ਘੁੰਮਣ
- **ਪੰਜਾਬ ਵੰਡ (1947) : ਭੂਗੋਲ, ਆਰਥਿਕਤਾ ਅਤੇ ਕਿਸਾਨੀ ਉੱਪਰ ਪ੍ਰਭਾਵ** 28
  ਡਾ. ਸੁਖਦੇਵ ਸਿੰਘ ਸੋਹਲ
- **ਡਾ. ਸੋਹਿੰਦਰ ਸਿੰਘ ਵਣਜਾਰਾ ਬੇਦੀ : ਪੰਜਾਬੀ ਲੋਕਧਾਰਾ ਦਾ ਭਰ ਵਹਿੰਦਾ ਦਰਿਆ** 36
  ਡਾ. ਜਸਵਿੰਦਰ ਸਿੰਘ
- **ਸਰੋਦ ਸੁਦੀਪ : ਸਗਲ ਸਰੂਪ ਦਾ ਸੰਕੇਤੀ ਸੰਚਾਰ** 44
  ਡਾ. ਸਰਬਜੀਤ ਸਿੰਘ
- **ਪੰਜਾਬ ਦੀ ਵੰਡ : ਇਕ ਤ੍ਰਾਸਦੀ ਦੇ ਛੇ ਅਧਿਆਇ** 55
  ਡਾ. ਅਮਨਪ੍ਰੀਤ ਸਿੰਘ ਗਿੱਲ
- **ਉਤਰ-ਆਧੁਨਿਕ ਦੌਰ ਦਾ ਨਾਰੀਵਾਦ ਅਤੇ ਸਮਕਾਲੀ ਪੰਜਾਬੀ ਕਹਾਣੀ** 63
  ਡਾ. ਪਰਮਜੀਤ ਕੌਰ ਸਿੱਧੂ
- **ਬਾਰਹਮਾਹ ਤੁਖਾਰੀ : ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ** 69
  ਡਾ. ਪਰਮਿੰਦਰ ਸਿੰਘ
- **ਧੁਨੀ ਸਿਧਾਂਤ ਦੇ ਪ੍ਰਸੰਗ ਵਿਚ 'ਹੀਰ ਵਾਰਿਸ' ਦਾ ਵਿਸ਼ਲੇਸ਼ਣ** 75
  ਡਾ. ਰਜਨੀ ਬਾਲਾ
- **ਪਾਂਧੀ ਨਨਕਾਣਵੀਂ ਦੇ ਨਾਟਕ : 'ਰਾਤ ਵੇਲੇ ਸਰਘੀ ਵੇਲੇ' ਦੀਆਂ ਸੰਵਾਦੀ ਜੁਗਤਾਂ** 84
  ਨਿੰਦਰਪਾਲ ਸਿੰਘ ਅਤੇ ਡਾ. ਨਛੱਤਰ ਸਿੰਘ

❐ **ਸਾਹਿਤਕ ਬਿਰਤਾਂਤ, ਡਿਜੀਟਲ ਸੰਚਾਰ ਅਤੇ ਸੱਤਾ** 91
ਡਾ. ਸਰਬਜੀਤ ਸਿੰਘ

❐ **ਡਾ. ਜੋਗਿੰਦਰ ਸਿੰਘ ਰਾਹੀ ਦਾ ਨਾਵਲ ਚਿੰਤਨ ਅਤੇ ਸਮਕਾਲੀ ਪੰਜਾਬੀ ਨਾਵਲ ਆਲੋਚਨਾ** 97
ਡਾ. ਪ੍ਰਕਾਸ਼ ਸਿੰਘ

❐ **ਗਾਈਤਰੀ ਚੱਕਰਵਰਤੀ ਸਪੀਵਾਕ ਦਾ ਸਬਾਲਟਰਨ ਪਰਿਪੇਖ** 112
ਡਾ. ਸਤਵੀਰ ਸਿੰਘ

❐ **ਅੱਲਾਮਾ ਇਕਬਾਲ ਦੀ ਪੰਜਾਬੀਅਤ : ਆਲੋਚਨਾਤਮਕ ਦ੍ਰਿਸ਼ਟੀਕੋਣ** 124
ਡਾ. ਗੁਰਪ੍ਰੀਤ ਸਿੰਘ ਸੋਢੀ

❐ **ਲਾਹੌਰ ਦਾ ਪਾਗਲਖਾਨਾ : ਦੇਸ਼-ਵੰਡ ਬਾਰੇ ਇਕ ਮਹੱਤਵਪੂਰਨ ਦਸਤਾਵੇਜ਼** 128
ਡਾ. ਰੁਪਿੰਦਰ ਕੌਰ

❐ **ਲੈਵਿਸ ਹੈਨਰੀ ਮਾਰਗਨ ਦਾ ਚਿੰਤਨ : 'ਪੁਰਾਤਨ ਸਮਾਜ' ਦੇ ਪ੍ਰਸੰਗ ਵਿਚ** 131
ਦਲਜੀਤ ਕੌਰ

❐ **ਵਾਰਿਸ ਸ਼ਾਹ ਰਚਿਤ 'ਹੀਰ' ਵਿਚ ਛੰਦ, ਤਾਲ, ਰਾਗ ਅਤੇ ਰਸ ਦਾ ਅੰਤਰ-ਸਬੰਧ** 138
ਡਾ. ਪਵਨ ਸਰਵਰ

❐ **ਕਸ਼ਮੀਰ ਸੰਕਟ, ਇਤਿਹਾਸ ਅਤੇ ਸਮਕਾਲ ਨਾਲ ਸਬੰਧਤ**
**ਪੰਜਾਬੀ ਨਾਵਲ ਸਮਾਜ ਸਭਿਆਚਾਰਕ ਪਰਿਪੇਖ** 147
ਕੁਲਜੀਤ ਸਿੰਘ

❐ **ਸੁਖਜੀਤ ਦਾ ਕਹਾਣੀ ਜਗਤ : ਵਸਤੂ ਅਤੇ ਵਿਧੀ** 156
ਡਾ. ਨਵਜੋਤ ਕੌਰ


**ਪੁਸਤਕ ਰੀਵਿਊ :**


- **ਚੁਰਾਸੀ ਲੱਖ ਯਾਦਾਂ (ਨਾਵਲ)/ਜਸਬੀਰ ਮੰਡ** : ਡਾ. ਮਹਿਲ ਸਿੰਘ 163
- **ਪਰਛਾਵਿਆਂ ਦੀ ਜੂਨ ਭੋਗਦੇ ਅਕਾਰਾਂ ਦਾ ਧੁਰਦੇਸ : ਚੁਰਾਸੀ ਲੱਖ ਯਾਦਾਂ** : ਡਾ. ਯਾਦਵਿੰਦਰ ਸਿੰਘ 165
- **ਮਨੁ ਪੰਖੀ ਭਇਓ (ਨਾਵਲ)/ਮਨਮੋਹਨ** : ਡਾ. ਹਰਪ੍ਰੀਤ ਸਿੰਘ 168
- **ਪੰਜਾਬੀ ਸਾਹਿਤ-ਇਤਿਹਾਸ ਤੇ ਇਤਿਹਾਸਕਾਰੀ (ਆਲੋਚਨਾ)/ਡਾ. ਹਰਿਭਜਨ ਸਿੰਘ ਭਾਟੀਆ** 170
ਡਾ. ਪਰਮਜੀਤ ਢੀਂਗਰਾ


◈



ISSN : 2395-1273

# ਬਾਰਹਮਾਹ ਤੁਖਾਰੀ
## ਵਿਯੋਗ-ਗ੍ਰਸਤ ਇਸਤਰੀ ਦੀ ਵੇਦਨਾ ਦਾ ਕਾਵਿ-ਕਥਨ



**ਡਾ. ਪਰਮਿੰਦਰ ਸਿੰਘ**

ਐਸੋਸੀਏਟ ਪ੍ਰੋਫੈਸਰ, ਪੰਜਾਬੀ ਵਿਭਾਗ, ਖ਼ਾਲਸਾ ਕਾਲਜ, ਅੰਮ੍ਰਿਤਸਰ
✆ 9915022091

'ਬਾਰਹਮਾਹ ਤੁਖਾਰੀ' ਗੁਰੂ ਗ੍ਰੰਥ ਸਾਹਿਬ ਵਿਚ 'ਤੁਖਾਰੀ ਛੰਤ ਮਹਲਾ ੧ ਬਾਰਹਮਾਹ' ਸਿਰਲੇਖ ਹੇਠ ਦਰਜ ਹੈ। ਇਸ ਰਚਨਾ ਦੇ ਸਿਰਲੇਖ ਵਿਚ ਦਰਜ ਮਦ 'ਤੁਖਾਰੀ' ਇਸ ਦੇ ਰਾਗ/ਸੰਗੀਤ ਪੱਖ ਵਲ ਸੰਕੇਤ ਕਰਦੀ ਹੈ। 'ਤੁਖਾਰੀ' ਦਾ ਉਦਭਵ 'ਤੁਖਾਰ' ਸ਼ਬਦ ਤੋਂ ਹੋਇਆ ਮੰਨਿਆਂ ਜਾਂਦਾ ਹੈ ਜਿਸਦਾ ਕੋਸ਼ਗਤ ਅਰਥ ਹੈ-ਠੰਡ, ਪਾਲਾ, ਸ਼ੀਤ, ਹਿਮ, ਬਰਫ ਆਦਿ। ਭਾਰਤੀ ਸੰਗੀਤ ਪਰੰਪਰਾ ਅਨੁਸਾਰ ਤੁਖਾਰੀ ਇਕ ਰਾਗ ਹੈ। ਸੰਗੀਤ ਆਚਾਰੀਆ ਇਸਨੂੰ ਸਰਦ ਰੁੱਤ ਦਾ ਗੰਭੀਰ ਪ੍ਰਕਿਰਤੀ ਵਾਲਾ ਰਾਗ ਮੰਨਦੇ ਹਨ:

> ਤੁਖਾਰੀ:ਸੰਪੂਰਣ ਜਾਤ ਦੀ ਇਕ ਰਾਗਣੀ, ਜਿਸਦਾ ਗ੍ਰਹ ਸੁਰ ਛੜਜ, ਵਾਦੀ ਰਿਛਭ, ਪੰਚਮ ਸੰਵਾਦੀ ਅਤੇ ਮੱਧਮ, ਅਨੁਵਾਦੀ ਹੈ। ਇਸ ਵਿਚ ਦੋਵੇਂ ਗੰਧਾਰ ਅਤੇ ਦੋਵੇਂ ਮੱਧਮ ਲਗਦੇ ਹਨ, ਗਾਉਣ ਦਾ ਵੇਲਾ ਚਾਰ ਘੜੀ ਦਿਨ ਚੜੇ ਹੈ।[1]

ਦੂਜੀ ਮਦ 'ਛੰਤ' ਦਾ ਸਬੰਧ ਪ੍ਰਗਟਾਵੇ ਨਾਲ ਹੈ। ਛੰਤ ਦੀ ਵਰਤੋਂ ਆਮ ਤੌਰ 'ਤੇ ਮਾਂਗਲਿਕ ਪਦਿਆਂ ਲਈ ਕੀਤੀ ਜਾਂਦੀ ਹੈ। ਇਸ ਨੂੰ ਹਰਸ਼ ਤੇ ਉਲ੍ਹਾਸ ਦਾ ਕਾਵਿ-ਰੂਪ ਮੰਨਿਆਂ ਜਾਂਦਾ ਹੈ:

> ਛੰਤ ਸੰਸਕ੍ਰਿਤ ਦੇ ਸ਼ਬਦ ਛੰਦਸ਼ ਦਾ ਤਦਭਵ ਰੂਪ ਹੈ ਅਤੇ ਇਸਦਾ ਤਾਤਪਰਜ ਹੈ ਮਾਤ੍ਰਾ, ਵਰਣ, ਯਤੀ ਆਦਿ ਦੇ ਨਿਯਮਾਂ ਨਾਲ ਯੁਕਤ ਵਾਕ। ਲੋਕ ਜੀਵਨ ਵਿਚ ਇਸ ਦੀ ਵਰਤੋਂ ਉਹਨਾਂ ਗੀਤਾਂ ਲਈ ਹੁੰਦੀ ਹੈ ਜੋ ਵਿਆਹ ਦੇ ਮੌਕੇ ਤੇ ਲਾੜਾ ਆਪਣੀਆਂ ਸਾਲੀਆਂ ਨੂੰ ਸੁਣਾਉਂਦਾ ਹੈ।[2]

ਸਿਰਲੇਖ ਵਿਚਲੀ ਤੀਜੀ ਮਦ 'ਮਹਲਾ ੧' ਰਚਨਹਾਰੇ ਬਾਰੇ ਜਾਣਕਾਰੀ ਦਿੰਦੀ ਹੈ। ਚੌਥੀ ਮਦ 'ਬਾਰਹਮਾਹ' ਇਸ ਬਾਣੀ ਦੇ ਕਾਵਿ-ਰੂਪ ਨੂੰ ਪ੍ਰਗਟ ਕਰਦੀ ਹੈ। ਬਾਰਹਮਾਹ ਲੋਕ ਸਾਹਿਤ ਪਰੰਪਰਾ ਤੋਂ ਵਸ਼ਿਸ਼ਟ ਸਾਹਿਤ ਵਿਚ ਪ੍ਰਵੇਸ਼ ਕਰਦਾ ਹੈ। ਇਸ ਨੂੰ ਜਜ਼ਬਾਤਾਂ ਨਾਲ ਭਰਪੂਰ ਕਾਵਿ-ਰੂਪ ਮੰਨਿਆਂ ਜਾਂਦਾ ਹੈ। ਇਸ ਵਿਚ ਬਿਰਹਾ ਦੀ ਪੀੜਾ ਸਹਿ ਰਹੀ ਬਿਰਹਨ ਦੀ ਵੇਦਨਾ ਨੂੰ ਪ੍ਰਕ੍ਰਿਤਕ ਵਾਤਾਵਰਣ ਦੇ ਪਿਛੋਕੜ ਵਿਚ ਸ਼ਿੰਗਾਰ ਰਸ ਦੁਆਰਾ ਪ੍ਰਗਟ ਕੀਤਾ ਜਾਂਦਾ ਹੈ। ਬਦਲਦੀ ਪ੍ਰਕਿਰਤੀ ਅਨੁਸਾਰ 12 ਮਹੀਨੇ ਬਿਰਹਨ ਦੀ ਮਨੋਅਵਸਥਾ ਉਪਰ ਪੈਂਦੇ ਪ੍ਰਭਾਵ ਬਾਰਹਮਾਹ ਵਿਚ ਪੇਸ਼ ਹੁੰਦੇ ਹਨ। ਬਾਰਹਮਾਹ ਦਾ ਰਚਨਾਤਮਕ ਪ੍ਰਵਾਹ ਵਿਯੋਗ ਤੋਂ ਸੰਯੋਗ ਵਲ ਚੱਲਦਾ ਹੈ। ਪਹਿਲੇ 11 ਮਹੀਨਿਆਂ ਵਿਚ ਬਿਰਹਾ/ਵਿਯੋਗ ਦੀ ਸਥਿਤੀ ਨੂੰ ਪੇਸ਼ ਕੀਤਾ ਜਾਂਦਾ ਹੈ ਅਤੇ ਅੰਤਿਮ ਪਦੇ ਵਿਚ ਭਾਰਤੀ ਸਾਹਿਤਕ ਪਰੰਪਰਾ ਨੂੰ ਨਿਭਾਉਂਦਿਆਂ ਮਿਲਾਪ/ਸੰਯੋਗ ਨੂੰ ਪ੍ਰਸਤੁਤ ਕੀਤਾ ਜਾਂਦਾ ਹੈ। ਵਿਯੋਗ ਦੀ ਪੀੜਾ ਨੂੰ ਪਾਰ ਕਰਦੀ ਹੋਈ ਬਿਰਹਨ ਅਖੀਰ ਵਿਚ ਮਿਲਾਪ ਦਾ ਸੁਖ ਪ੍ਰਾਪਤ ਕਰਦੀ ਹੈ।

ਬਾਰਹਮਾਹ ਪ੍ਰੇਮ ਅਤੇ ਬਿਰਹਾ ਵਰਗੇ ਸੂਖਮ ਭਾਵਾਂ ਦੀ ਪੇਸ਼ਕਾਰੀ ਕਰਨ ਵਾਲਾ ਕਾਵਿ-ਰੂਪ ਹੈ। ਸੂਖਮ ਕਾਵਿ-ਰੂਪ ਹੋਣ ਕਰਕੇ ਬਾਰਹਮਾਹ ਸੂਖਮ ਛੰਦ ਚਾਲਾਂ ਵਿਚ ਹੀ ਨਿਭਦਾ ਚਲਿਆ ਆਇਆ ਹੈ। ਬਾਰਹਮਾਹ ਲਈ ਕਿਸੇ ਨਿਸ਼ਚਿਤ ਛੰਦ-ਪ੍ਰਬੰਧ ਦਾ ਵਿਧਾਨ ਨਹੀਂ ਹੈ। ਇਸ ਲਈ ਕਈ ਪ੍ਰਕਾਰ ਦੇ ਛੰਦਾਂ ਨੂੰ ਵਰਤਿਆ ਜਾਂਦਾ ਰਿਹਾ ਹੈ। ਲੋਕ ਸਾਹਿਤ ਦੇ ਪ੍ਰਗਟਾਵੇ ਲਈ 'ਛੰਤ' ਹਰਮਨ ਪਿਆਰਾ ਛੰਦ-ਰੂਪ ਹੈ। 'ਬਾਰਹਮਾਹ ਤੁਖਾਰੀ' ਇਸੇ 'ਛੰਤ' ਅਧੀਨ ਰਚਿਆ ਗਿਆ ਹੈ। ਛੰਤ ਨੂੰ ਸਤੁਤੀ ਕਾਵਿ ਦੇ ਅਰਥਾਂ ਵਿਚ ਪਰਿਭਾਸ਼ਿਤ ਕੀਤਾ ਗਿਆ ਹੈ। ਇਹ ਮਹਿਮਾ ਚਾਹੇ ਨਿਰਗੁਣ ਦੇ ਗੁਣਾਂ ਲੱਛਣਾਂ ਦੀ ਹੋਵੇ ਜਾਂ ਮਨੁੱਖ ਦੀ। ਛੰਤ ਨੂੰ ਸੁਹਾਗ ਗੀਤ ਵਜੋਂ ਵੀ ਪਰਿਭਾਸ਼ਿਤ ਕੀਤਾ ਹੈ, ਜਿਸ ਵਿਚ ਧਨੁ (ਪਤਨੀ) ਅਤੇ ਪਿਰ (ਪਤੀ) ਦੇ ਅਲੰਕਾਰ ਦੁਆਰਾ ਜੀਵ-ਆਤਮਾ ਤੇ ਪਰਮਾਤਮਾ ਦਾ ਸੰਕਲਪ ਕੀਤਾ ਜਾਂਦਾ ਹੈ। ਇਸ ਨੂੰ ਪ੍ਰੇਮ ਗੀਤ ਵੀ ਕਿਹਾ ਹੈ ਜਿਸ ਵਿਚ ਮਿਲਾਪ ਦਾ ਚਿੱਤਰ ਪੇਸ਼ ਹੁੰਦਾ ਹੈ।[3]

'ਬਾਰਹਮਾਹ ਤੁਖਾਰੀ' ਦੇ 17 ਪਦੇ ਹਨ। ਤਰਤੀਬਵਾਰ 17 ਬੰਦ ਇਸਨੂੰ ਪ੍ਰਬੰਧ-ਕਾਵਿ ਦਾ ਰੂਪ ਪ੍ਰਦਾਨ ਕਰਦੇ ਹਨ। ਇਹਨਾਂ ਬੰਦਾਂ ਵਿਚ ਹਰੇਕ ਬੰਦ ਵੱਖਰਾ ਵੀ ਪੜ੍ਹਿਆ ਜਾ ਸਕਦਾ ਹੈ ਜਿਸ ਕਰਕੇ ਇਹ ਰਚਨਾ ਮੁਕਤਕ ਕਾਵਿ ਬਣ ਜਾਂਦੀ ਹੈ। ਇੰਜ 'ਬਾਰਹਮਾਹ ਤੁਖਾਰੀ' ਪ੍ਰਬੰਧ ਤੇ ਮੁਕਤਕ ਕਾਵਿ ਦਾ ਸੁੰਦਰ ਸੁਮੇਲ ਹੈ।[4] ਇਸ ਦੇ ਪਹਿਲੇ 4 ਪਦੇ/ਸ਼ਬਦ ਰਚਨਾ ਦੀ ਭੂਮਿਕਾ ਵਜੋਂ ਕਾਰਜਸ਼ੀਲ ਹੁੰਦੇ ਹਨ। ਇਹਨਾਂ ਵਿਚ ਇਸਤਰੀ ਦੇ ਆਪਣੇ

ਕੰਤ ਤੋਂ ਵਿਛੋੜੇ ਦੇ ਕਾਰਨਾਂ ਨੂੰ ਰੂਪਮਾਨ ਕੀਤਾ ਗਿਆ ਹੈ। ਉਸਦੇ ਪੂਰਬਲੇ ਕਰਮ ਵਿਛੋੜੇ ਦਾ ਮੁੱਖ ਕਾਰਨ ਬਣਦੇ ਹਨ। ਆਪ ਸਿਰਜੀ ਇਸ ਸਥਿਤੀ ਕਰਕੇ ਹੀ ਉਹ ਵਿਛੋੜੇ ਵਾਲੀ ਅਵਸਥਾ ਦਾ ਸ਼ਿਕਾਰ ਹੈ। ਇਸ ਵਿਛੋੜੇ ਵਾਲੀ ਸਥਿਤੀ ਤੋਂ ਚੇਤੰਨ ਇਸਤਰੀ ਜਗਿਆਸੂ ਦੀ ਅਵਸਥਾ ਪ੍ਰਾਪਤ ਕਰ ਲੈਂਦੀ ਹੈ। ਆਪਣੀਆਂ ਸੀਮਾਵਾਂ ਦੀ ਚੇਤਨਾ ਨਾਲ ਹੀ ਉਸਨੂੰ ਕੰਤ (ਅਕਾਲ ਪੁਰਖ) ਦੀ ਅਸੀਮ ਹਸਤੀ ਦਾ ਗਿਆਨ ਹੁੰਦਾ ਹੈ। 'ਬਾਰਹਮਾਹ ਤੁਖਾਰੀ' ਵਿਚ ਆਏ ਪਤਨੀ, ਕੋਕਿਲ ਅਤੇ ਬਬੀਹਾ ਜਗਿਆਸੂ ਦੇ ਹੀ ਸੂਚਕ ਹਨ। ਗੁਰੂ ਸੁਰਤਿ ਅਤੇ ਸੋਝੀ ਦਾ ਮਾਰਗ ਦਰਸ਼ਕ ਹੈ। ਅੰਮ੍ਰਿਤ ਬਾਣੀ ਦੁਆਰਾ ਸਹਿਜ ਅਵਸਥਾ ਗ੍ਰਹਿਣ ਕਰਕੇ ਸਦੀਵੀ ਮਿਲਾਪ ਦਾ ਅਨੁਭਵ ਪ੍ਰਾਪਤ ਹੁੰਦਾ ਹੈ।

'ਬਾਰਹਮਾਹ ਤੁਖਾਰੀ' ਦੇ ਦੂਜੇ ਭਾਗ (5-16) ਦਾ ਸਮੁੱਚਾ ਰਚਨਾ-ਪਾਠ ਜੀਵ-ਇਸਤਰੀ ਦੀ ਆਪਣੇ ਮੂਲ ਤੋਂ ਵਿਛੋੜੇ ਤੇ ਮਿਲਾਪ ਵਾਲੀ ਸਥਿਤੀ ਅਤੇ ਪ੍ਰਕਿਰਿਆ ਨੂੰ, ਪ੍ਰਵਿਰਤਿਤ ਹੁੰਦੀ ਪ੍ਰਕਿਰਤੀ ਦੀ ਚੱਕਰਾਤਮਕਤਾ ਦੇ ਸਮਾਂਤਰ ਪੇਸ਼ ਕਰਦਾ ਹੈ। ਪ੍ਰਕਿਰਤਕ ਚੱਕਰ ਰਾਹੀਂ ਹੀ ਜੀਵ-ਇਸਤਰੀ ਦੀ ਵਿਯੋਗੀ ਅਵਸਥਾ ਦਾ ਵਰਣਨ ਕੀਤਾ ਗਿਆ ਹੈ। ਪ੍ਰਕਿਰਤੀ ਵਰਣਨ ਬਾਰਹਮਾਹ ਕਾਵਿ-ਰੂਪ ਦਾ ਵਿਧਾਗਤ ਲੱਛਣ ਹੈ।

ਕੁਦਰਤ ਦਾ ਵਿਸ਼ਾਲ ਵਰਤਾਰਾ ਸਥੂਲ ਲੋੜਾਂ ਨੂੰ ਪੂਰਾ ਕਰਨ ਦੇ ਨਾਲ ਨਾਲ ਮਨੁੱਖੀ ਮਨ ਨੂੰ ਸੂਖਮ ਹੁਲਾਰਾ ਦਿੰਦਾ ਹੈ। ਇਸ ਹੁਲਾਰੇ ਨਾਲ ਹੀ ਕਵਿਤਾ ਜਨਮ ਲੈਂਦੀ ਹੈ। ਕੁਦਰਤ ਦਾ ਰੂਪ-ਰੰਗ, ਸੁਹਜ ਭਰਿਆ ਵਚਿੱਤਰ ਤੇ ਵਿਸ਼ਾਲ ਰੂਪ ਮਨੁੱਖੀ ਇੰਦਰੀਆਂ ਨੂੰ ਤ੍ਰਿਪਤੀ ਪ੍ਰਦਾਨ ਕਰਦਾ ਹੈ। ਇਸੇ ਕਰਕੇ ਕੁਦਰਤ ਲਈ ਮਨੁੱਖੀ ਖਿੱਚ ਸੁਭਾਵਿਕ ਅਮਲ ਹੈ। ਕਵਿਤਾ ਨੂੰ ਸੁਹੱਪਣ ਕੁਦਰਤ ਤੋਂ ਹੀ ਪ੍ਰਾਪਤ ਹੁੰਦਾ ਹੈ। 'ਕੁਦਰਤ ਵਰਣਨ ਕਵਿਤਾ ਵਿਚ ਵਿਸ਼ੇਸ਼ ਕਿਸਮ ਦਾ ਹੁਸਨ ਪੈਦਾ ਕਰਦਾ ਹੈ।'[5] ਇਸੇ ਕਰਕੇ ਕੋਮਲ ਹਿਰਦੇ ਵਾਲੇ ਸੰਵੇਦਨਸ਼ੀਲ ਮਨੁੱਖ ਕਵਿਤਾ ਵੱਲ ਖਿੱਚੇ ਚਲੇ ਆਉਂਦੇ ਹਨ।

ਜੀਵਨ ਨੂੰ ਕਵਿਤਾ ਵਿਚ ਢਾਲਣ ਲਈ ਪ੍ਰਕਿਰਤੀ ਚਿਤਰਣ ਨੂੰ ਪਿੱਠਭੂਮੀ ਵਜੋਂ ਵਰਤਿਆ ਜਾਂਦਾ ਹੈ। ਇਸ ਨਾਲ ਕਵਿਤਾ ਵਿਚ ਪੇਸ਼ ਸੂਖਮ ਭਾਵ ਹੋਰ ਨਿੱਖਰ ਕੇ ਪ੍ਰਸਤੁਤ ਹੁੰਦੇ ਹਨ। ਪ੍ਰਕਿਰਤੀ ਚਿਤਰਣ ਦੀ ਪਿੱਠਭੂਮੀ ਵਿਚ ਬਿਰਹਾ ਦਾ ਗਮ ਹੋਰ ਪ੍ਰਚੰਡ ਰੂਪ ਵਿਚ ਪ੍ਰਗਟ ਹੁੰਦਾ ਹੈ।

ਕਵਿਤਾ ਵਿਚ ਕੁਦਰਤ ਚਿਤਰਣ ਸਾਧਾਰਣ ਕੰਮ ਨਹੀਂ ਹੈ ਸਗੋਂ ਕਵੀ ਦੀ ਕਾਵਿਕ ਪ੍ਰਤਿਭਾ ਇਸ ਪ੍ਰਕਿਰਿਆ ਵਿਚ ਅਹਿਮ ਭੂਮਿਕਾ ਨਿਭਾਉਂਦੀ ਹੈ। ਕੁਦਰਤ ਕਵਿਤਾ ਵਿਚ ਪੇਸ਼ ਹੋਣ ਉਪਰੰਤ ਕਵਿਤਾ ਨਾਲ ਇਕਮਿਕ ਤੇ ਇਕਜਾਨ ਹੋ ਜਾਂਦੀ ਹੈ ਅਰਥਾਤ ਕੁਦਰਤ ਕਵਿਤਾ ਹੀ ਬਣ ਜਾਂਦੀ ਹੈ।

ਕੁਦਰਤ ਵਰਣਨ ਲਈ ਕਵੀ ਵਿਚ ਸੁਹਜ ਸੋਝੀ (Sence of beauty), ਚੋਣ ਸੋਝੀ (Sence of selection) ਅਤੇ ਤਨਾਸਬ ਸੋਝੀ (Sence of proportion) ਹੋਣੀ ਜ਼ਰੂਰੀ ਹੁੰਦੀ ਹੈ।[6] The Sence of beauty ਦਾਰਸ਼ਨਿਕ ਜਾਰਜ ਸਾਂਤਾਯਾਨਾ (George Santayana) ਦੁਆਰਾ ਸੁਹਜ-ਸ਼ਾਸਤਰ 'ਤੇ ਲਿਖੀ ਗਈ ਕਿਤਾਬ ਹੈ, ਜੋ 1896 ਵਿਚ ਚਾਰਲਸ ਸਕ੍ਰਿਬਨਰ ਸੰਸ ਦੁਆਰਾ ਪ੍ਰਕਾਸ਼ਿਤ ਕੀਤੀ ਗਈ। ਇਹ ਪੁਸਤਕ ਹਾਵਰਡ ਯੂਨੀਵਰਸਿਟੀ ਵਿਚ ਸਾਂਤਾਯਾਨਾ ਦੁਆਰਾ ਸੁਹਜ-ਸ਼ਾਸਤਰ ਉਪਰ ਦਿੱਤੇ ਗਏ ਲੈਕਚਰਾਂ ਉਪਰ ਆਧਾਰਤ ਹੈ। ਇਸ ਪੁਸਤਕ ਦੀ ਸਥਾਪਨਾ ਹੈ ਕਿ ਜਦੋਂ ਆਨੰਦ ਦਾ ਅਨੁਭਵ ਅਤੇ ਭਾਵਨਾ ਵਸਤੂ ਦੇ ਗੁਣਾਂ ਨਾਲ ਇਕਮਿਕ ਹੋ ਜਾਂਦੀ ਹੈ, ਉਸ ਤੋਂ ਸੁਹਜ ਉਤਪੰਨ ਹੁੰਦਾ ਹੈ। ਇਸ ਲਈ ਸੁਹਜ ਇਕ ਪੂਰਣਤਾ ਦੀ ਅਭਿਵਿਅਕਤੀ ਹੈ। Sence of selection ਵਿਚ ਮਹੱਤਵਪੂਰਣ ਅਤੇ ਗੈਰ ਮਹੱਤਵਪੂਰਣ ਵਿਚ ਅੰਤਰ ਵੇਖਿਆ ਜਾਂਦਾ ਹੈ। Sence of proportion ਵਿਚ ਮਹੱਤਵਪੂਰਣ ਦੀ ਚੋਣ ਕੀਤੀ ਜਾਂਦੀ ਹੈ। ਇਸ ਸੋਝੀ ਤੋਂ ਬਗੈਰ ਕਵਿਤਾ ਵਿਚ ਉਲੀਕਿਆ ਦ੍ਰਿਸ਼ ਚਮਤਕਾਰੀ ਪ੍ਰਭਾਵ ਨਹੀਂ ਸਿਰਜ ਸਕਦਾ। ਅਜਿਹੇ ਵਰਣਨ ਵਿਚ ਕਵੀ ਇਕੋ ਵੇਲੇ ਦ੍ਰਿਸ਼ ਚਿਤਰਣ ਦੇ ਨਾਲ-ਨਾਲ ਆਪਣੇ ਮਨ ਦੇ ਭਾਵ ਵੀ ਮੂਰਤੀਮਾਨ ਕਰਦਾ ਚਲਾ ਜਾਂਦਾ ਹੈ। ਇਸ ਪ੍ਰਕਾਰ ਭਾਵ-ਚਿਤਰਣ ਕੁਦਰਤ ਦੇ ਚੌਖਟੇ ਵਿਚ ਜੜ ਕੇ ਵਧੇਰੇ ਪ੍ਰਭਾਵਸ਼ਾਲੀ/ਚਮਤਕਾਰੀ ਬਣ ਜਾਂਦਾ ਹੈ। ਇਸ ਪ੍ਰਸੰਗ ਵਿਚ ਪਿਆਰਾ ਸਿੰਘ ਪਦਮ ਦੀ ਧਾਰਣਾ ਬਹੁਤ ਮਹੱਤਵ ਪੂਰਣ ਹੈ:

> ਕਵੀ ਪ੍ਰਕਿਰਤੀ ਚਿਤਰਣ ਨਾਲ ਪ੍ਰਤੀਕਾਂ ਅਤੇ ਅਲੰਕਾਰਾਂ ਦੇ ਮਾਧਿਅਮ ਰਾਹੀਂ ਕਵਿਤਾ ਨੂੰ ਸ਼ਿੰਗਾਰਦਾ ਹੈ। ਜਦੋਂ ਨਾਇਕਾ ਦੇ ਮੁਖੜੇ ਨੂੰ ਚੰਨ ਜਾਂ ਕੰਵਲ ਨਾਲ ਉਪਮਾ ਦਿੱਤੀ ਜਾਂਦੀ ਹੈ ਤਾਂ ਕਵੀ ਆਪਣੀ ਵਸਤੂ ਨੂੰ ਕੁਦਰਤ ਦੇ ਪ੍ਰਮਾਨਿਕ ਵੱਟਿਆਂ ਨਾਲ ਤੋਲ ਕੇ ਪੂਰਨ ਸਿੱਧ ਕਰਨਾ ਚਾਹੁੰਦਾ ਹੈ। ਇਸ ਸਾਹਿਤਕ ਰੀਤ ਰਾਹੀਂ ਕਵਿਤਾ ਕੁਦਰਤ ਤੋਂ ਜੀਵਨ ਗ੍ਰਹਿਣ ਕਰਦੀ ਹੈ।[7]

ਇਸ ਤੋਂ ਇਲਾਵਾ ਕਈ ਵਾਰ ਕਵੀ ਆਪਣੀ ਕਲਪਨਾ ਆਸਰੇ ਕੁਦਰਤ ਵਿਚੋਂ ਕੋਈ ਸੰਦੇਸ਼ ਲੱਭ ਕੇ ਦਿੰਦਾ ਹੈ। ਮਿਸਾਲ ਵਜੋਂ ਫੁੱਲ ਮਹਿਕਾਂ ਵੰਡਣ ਦਾ ਸੰਦੇਸ਼ ਦਿੰਦੇ ਹਨ, ਨਦੀਆਂ ਤੁਰ ਜਾਣ ਦਾ ਪੈਗਾਮ ਦਿੰਦੀਆਂ ਹਨ।


www.sanvad.org
ISSN : 2395-1273

ਸਾਧਾਰਣ ਮਨੁੱਖ ਨੂੰ ਇਹ ਗੱਲਾਂ ਫੁੱਲਾਂ ਜਾਂ ਨਦੀਆਂ ਤੋਂ ਸੁਣਾਈ ਨਹੀਂ ਦਿੰਦੀਆਂ ਪਰ ਕਵੀ ਇਸ ਸੰਦੇਸ਼ ਨੂੰ ਇਹਨਾਂ ਵਿਚ ਆਰੋਪ ਕਰਕੇ ਸੁਣਨਯੋਗ ਬਣਾ ਦਿੰਦਾ ਹੈ।[8] ਰਹੱਸਵਾਦੀ ਪ੍ਰਕਿਰਤੀ ਚਿਤਰਨ ਰਾਹੀਂ ਕੁਦਰਤ ਕਾਦਰ ਦੀ ਅਭੇਦਤਾ ਵਿਚੋਂ ਵਿਸਮਾਦ ਦਾ ਆਨੰਦ ਮਾਣਿਆ ਜਾ ਸਕਦਾ ਹੈ। ਅਜਿਹਾ ਚਿਤਰਣ ਸੰਤ ਕਵੀਆਂ ਦੀਆਂ ਉਦਾਤ ਰਚਨਾਵਾਂ ਵਿਚ ਦ੍ਰਿਸ਼ਟੀਗੋਚਰ ਹੁੰਦਾ ਹੈ।

ਪ੍ਰਕਿਰਤੀ ਚਿਤਰਣ ਦੇ ਵੱਖ-ਵੱਖ ਸਰੂਪਾਂ ਤੋਂ ਇਹ ਪਤਾ ਲਗਦਾ ਹੈ ਕਿ ਬਹੁਰੰਗੀ, ਬਹੁਭਾਂਤੀ ਵਚਿੱਤਰ ਕੁਦਰਤ ਦਾ ਕਵਿਤਾ ਨਾਲ ਗੂੜਾ ਸਨੇਹ ਹੈ। 'ਬਾਰਹਮਾਹ ਤੁਖਾਰੀ' ਵਿਚ ਪ੍ਰਕਿਰਤੀ ਚਿਤਰਣ ਬਹੁਪਸਾਰੀ ਪਰਿਪੇਖ ਉਜਾਗਰ ਕਰਦਾ ਹੈ। ਇਹ ਪ੍ਰਕਿਰਤੀ ਚਿਤਰਣ ਜੀਵ-ਇਸਤਰੀ ਦੀ ਸਰੀਰਕ ਅਵਸਥਾ ਅਤੇ ਮਨੋਸਥਿਤੀ ਦਾ ਵੀ ਸੂਚਕ ਹੈ। ਇਹ ਜੀਵ-ਇਸਤਰੀ ਦੇ ਮਨੋਭਾਵਾਂ ਨੂੰ ਤੀਬਰ ਕਰਨ ਵਾਲੀਆਂ ਪ੍ਰਸਥਿਤੀਆਂ ਦੇ ਸਾਧਨ ਅਤੇ ਇਸ ਤੋਂ ਛੁਟਕਾਰੇ ਲਈ ਸਮਾਧਾਨ ਵਜੋਂ ਵੀ ਕਾਰਜਸ਼ੀਲ ਹੈ। ਇਹ ਪ੍ਰਕ੍ਰਿਤੀ ਚਿਤਰਣ ਇਸਤਰੀ ਦੇ ਕੰਤ ਨਾਲ ਮਿਲਾਪ ਦੀ ਅਵਸਥਾ ਅਤੇ ਅਨੰਦ ਦੇ ਚਿਤਰਣ ਦੀ ਇਕ ਜੁਗਤ ਵਜੋਂ ਵੀ ਕਾਰਜਸ਼ੀਲ ਹੈ।

ਕੁਦਰਤ ਦੇ ਨਾਲ-ਨਾਲ ਪਿਆਰ ਦੇ ਜਜ਼ਬੇ ਦਾ ਵੀ ਕਵਿਤਾ ਨਾਲ ਗਹਿਰਾ ਸਬੰਧ ਹੈ। ਬਹੁਤੀ ਕਵਿਤਾ ਕੁਦਰਤ ਦੇ ਰੰਗਾਂ ਵਿਚ ਰੰਗੀ ਹੋਈ ਹੈ ਪਰ ਕਵਿਤਾ ਦਾ ਧੁਰਾ ਪਿਆਰ ਹੈ। ਪਿਆਰ ਕਵਿਤਾ ਦਾ ਸਭ ਤੋਂ ਮਿੱਠਾ/ ਮਧੁਰ ਮਜ਼ਮੂਨ ਰਿਹਾ ਹੈ। ਅਧਿਆਤਮਕ ਕਾਵਿ ਇਸ਼ਕ ਹਕੀਕੀ ਦੇ ਰੂਪ ਵਿਚ ਅਤੇ ਸੰਸਾਰਕ ਕਵਿਤਾ ਇਸ਼ਕ ਮਜਾਜ਼ੀ ਦੇ ਰੂਪ ਵਿਚ ਪਿਆਰ ਦੇ ਅਨੁਭਵ ਨਾਲ ਜੁੜੀ ਹੋਈ ਹੈ। ਜੇਕਰ ਪੰਜਾਬੀ ਸਾਹਿਤ ਵਿਚੋਂ ਗੁਰਮਤਿ ਕਾਵਿ, ਭਗਤੀ ਕਾਵਿ, ਸੂਫੀ ਕਾਵਿ ਅਤੇ ਕਿੱਸਾ ਕਾਵਿ ਨੂੰ ਇਕ ਪਾਸੇ ਕਰ ਦਈਏ ਤਾਂ ਬੀਰ ਕਾਵਿ ਦੀ ਖੜਖੜਾਹਟ ਤੋਂ ਸਿਵਾਏ ਸਾਡੇ ਕੋਲ ਕੁਝ ਵੀ ਨਹੀਂ ਬਚਦਾ। ਵੀਣਾ ਦੀ ਮਧੁਰ ਧੁਨ ਸਿਰਫ ਪਿਆਰ ਕਾਵਿ (Love poetry) ਵਿਚੋਂ ਹੀ ਸੁਣੀ ਜਾ ਸਕਦੀ ਹੈ।[9] ਇਹੀ ਕਾਵਿ-ਖੇਤਰ ਵਿਚ ਪਿਆਰ ਦੇ ਜਜ਼ਬੇ ਦੀ ਅਹਿਮੀਅਤ ਹੈ।

ਸੋ ਕਵਿਤਾ ਨਾਲ ਕੁਦਰਤ ਅਤੇ ਪਿਆਰ ਦੀ ਗੂੜੀ ਸਾਂਝ ਹੈ। ਦਰਅਸਲ ਕਵਿਤਾ ਕੁਦਰਤ ਅਤੇ ਪਿਆਰ ਤੋਂ ਬਿਨਾਂ ਜਿਊਂਦੀ ਹੀ ਨਹੀਂ ਰਹਿ ਸਕਦੀ। ਕਦੇ ਉਸਦਾ ਜੀਵਨ ਆਧਾਰ ਪਿਆਰ ਬਣਦਾ ਹੈ ਅਤੇ ਕਦੇ ਪ੍ਰਕਿਰਤੀ ਚਿਤਰਣ।

ਬਾਰਹਮਾਹ ਅਜਿਹਾ ਕਾਵਿ ਰੂਪ ਹੈ ਜਿਥੇ ਕੁਦਰਤ ਤੇ ਪ੍ਰੀਤ ਕਵਿਤਾ ਵਿਚ ਘੁਲ-ਮਿਲ ਕੇ ਇਕਮਿੱਕ ਤੇ ਇਕਜਾਨ ਹੋ ਜਾਂਦੀਆਂ ਹਨ। ਬਾਰਹਮਾਹ ਵਿਚ ਬਾਰਾਂ ਮਹੀਨਿਆਂ ਦੇ ਪ੍ਰਕਿਰਤਕ ਰੰਗਾਂ ਦੇ ਆਧਾਰ 'ਤੇ ਕੁਦਰਤ ਅਤੇ ਪ੍ਰੀਤ ਅਜਿਹਾ ਗੀਤ ਗਾਉਂਦੀਆਂ ਹਨ ਜੋ ਬਿਰਹਾ ਦੀਆਂ ਸੁਰਾਂ ਛੇੜਦਾ ਹੋਇਆ ਮਿਲਾਪ ਦਾ ਨਗਮਾ ਬਣ ਜਾਂਦਾ ਹੈ। ਜਦੋਂ ਪ੍ਰਕਿਰਤੀ ਚਿਤਰਣ ਰਾਹੀਂ ਬਿਰਹਾ ਦਾ ਗੀਤ ਗਾਇਆ ਜਾਂਦਾ ਹੈ ਤਾਂ ਕਾਵਿਕ ਸੁਹਜ ਸਿਖਰਾਂ ਛੂਹਣ ਲੱਗ ਪੈਂਦਾ ਹੈ। ਬਾਰਹਮਾਹ ਵਿਚ ਇਸ਼ਕ ਦਾ ਦੇਵਤਾ ਫੁੱਲਾਂ ਦਾ ਤੀਰ ਕਮਾਨ ਲੈ ਕੇ ਬਿਰਹਾ ਵਿਯੋਗੀਆਂ ਦਾ ਸ਼ਿਕਾਰ ਕਰਦਾ ਹੈ, ਉਹ ਸ਼ਿਕਾਰ ਹੋ ਕੇ ਮੁੜ ਜਿੰਦਾ ਹੁੰਦੇ ਹਨ। ਮੁਹੱਬਤ ਦੀ ਦੇਵੀ ਨੂੰ ਮਨਾਇਆ ਜਾਂਦਾ ਹੈ ਅਤੇ ਕੁਦਰਤ ਉਹਨਾਂ ਦਾ ਮਿਲਾਪ ਗੀਤ ਗਾਉਂਦੀ ਹੈ।[10] ਗੱਲ ਵਿਜੋਗ ਤੋਂ ਆਰੰਭ ਕਰਕੇ ਸੰਯੋਗ ਵੱਲ ਲਿਜਾਈ ਜਾਂਦੀ ਹੈ। ਦਰਅਸਲ ਬਾਰਹਮਾਹ ਵਿਚ ਤਾਣਾਪੇਟਾ ਤਾਂ ਬਿਰਹਾ ਵਿਯੋਗ ਦਾ ਹੁੰਦਾ ਹੈ ਪਰ ਕੱਪੜਾ ਸੰਯੋਗ ਦਾ ਬੁਣਿਆ ਜਾਂਦਾ ਹੈ। ਕੱਪੜਾ ਬੁਣਨ ਵਾਲੀ ਕੁਦਰਤ ਹੈ ਜੋ 11 ਮਹੀਨੇ ਦੀ ਲੁੱਛਦੀ ਫਿੱਕੀ-ਫਿੱਕੀ ਜ਼ਿੰਦਗੀ ਨੂੰ ਫੱਗਣ ਦੀਆਂ ਬਹਾਰਾਂ ਵਿਚ ਵਸਲ ਦੇ ਰੰਗ ਨਾਲ ਰੰਗ ਕੇ ਇਕ ਨਵੀਂ ਹੋਲੀ ਖੇਡਦੀ ਹੈ।[11]

ਕਵਿਤਾ, ਕੁਦਰਤ ਅਤੇ ਪਿਆਰ ਦਾ ਮਨੁੱਖ ਨਾਲ ਸਦੀਵੀ ਸਬੰਧ ਹੈ। ਕੁਦਰਤ ਦੇ ਬਦਲਣ ਨਾਲ ਮਨੁੱਖੀ ਮਾਨਸਿਕਤਾ ਵਿਚ ਵੀ ਪਰਿਵਰਤਨ ਆਉਂਦਾ ਹੈ। ਕੁਦਰਤ ਦੀ ਤਬਦੀਲੀ ਪ੍ਰੇਮ ਜਜ਼ਬੇ ਵਿਚ ਉਕਸਾਹਟ ਪੈਦਾ ਕਰਦੀ ਹੈ। ਪ੍ਰੇਮ ਮਨੁੱਖੀ ਆਤਮਾ ਦੀ ਸੁਭਾਵਕ ਬਿਰਤੀ ਹੈ। ਪ੍ਰੇਮ ਇਕ ਸਰਬਵਿਆਪੀ ਜਜ਼ਬਾ ਹੈ ਜੋ ਮਨੁੱਖ ਅੰਦਰ ਅਥਾਹ ਸ਼ਕਤੀ ਦੀ ਸਿੰਚਨਾ ਕਰਦਾ ਹੈ।

'ਬਾਰਹਮਾਹ ਤੁਖਾਰੀ' ਵਿਚ 12 ਮਹੀਨਿਆਂ ਦੌਰਾਨ ਵਿਯੋਗ-ਗ੍ਰਸਤ ਇਸਤਰੀ ਦੇ ਮਨ ਦੀ ਵਿਆਕੁਲਤਾ ਨੂੰ ਬਿਆਨ ਕੀਤਾ ਹੈ। ਇਸਤਰੀ ਆਪਣੇ ਪ੍ਰੀਤਮ ਤੋਂ ਵਿਛੜੀ ਹੋਣ ਕਰਕੇ ਵਿਆਕੁਲ ਹੈ। ਇਸ ਵਿਛੋੜੇ ਦਾ ਕਾਰਣ 'ਬਾਰਹਮਾਹ ਤੁਖਾਰੀ' ਵਿਚ ਰੂਪਮਾਨ ਕੀਤਾ ਗਿਆ ਹੈ:

*ਤੂ ਸੁਣਿ ਕਿਰਤ ਕਰੰਮਾ ਪੁਰਬਿ ਕਮਾਇਆ ।*
*ਸਿਰਿ ਸਿਰਿ ਸੁਖ ਸਹੰਮਾ ਦੇਹਿ ਸੁ ਤੂੰ ਭਲਾ ।*
*ਹਰਿ ਰਚਨਾ ਤੇਰੀ ਕਿਆ ਗਤਿ ਮੇਰੀ ਹਰਿ ਬਿਨੁ ਘੜੀ ਨ ਜੀਵਾ ।*
*ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾ ।*

*ਰਚਨਾ ਰਾਚਿ ਰਹੇ ਨਿਰੰਕਾਰੀ ਪ੍ਰਭ ਮਨਿ ਕਰਮ ਸੁ ਕਰਮਾ।*
*ਨਾਨਕ ਪੰਥੁ ਨਿਹਾਲੇ ਸਾਧਨ ਤੂ ਸੁਣਿ ਆਤਮ ਰਾਮਾ।*

ਜੀਵ ਆਤਮਾ ਆਪਣੇ ਪੂਰਬਲੇ ਜਨਮ ਦੇ ਕਰਮਾਂ ਕਰਕੇ ਪ੍ਰਭੂ ਪ੍ਰੀਤਮ ਤੋਂ ਵਿੱਛੜੀ ਹੋਈ ਹੈ। ਜੀਵ ਇਸਤਰੀ ਪ੍ਰਭੂ ਤੋਂ ਵਿਛੜ ਕੇ ਪਪੀਹੇ ਵਾਂਗ ਕੁਰਲਾਉਂਦੀ ਹੈ, ਜਿਸ ਤਰ੍ਹਾਂ ਉਹ ਸਵਾਂਤੀ ਬੂੰਦ ਲਈ ਤਰਸਦਾ ਹੈ। 'ਬਾਰਹਮਾਹ ਤੁਖਾਰੀ' ਵਿਚ ਇਸਤਰੀ ਦੀ ਪਤੀ ਨੂੰ ਮਿਲਣ ਦੀ ਤੜਪ ਦੀ ਪੇਸ਼ਕਾਰੀ ਹੈ ਜੋ ਬਦਲਦੀਆਂ ਰੁੱਤਾਂ ਤੇ ਮਹੀਨਿਆਂ ਦੇ ਪ੍ਰਭਾਵ ਅਧੀਨ ਵੱਖ-ਵੱਖ ਰੂਪਾਂ ਵਿਚ ਪ੍ਰਗਟ ਹੁੰਦੀ ਹੈ।

ਚੇਤ ਦਾ ਮੌਸਮ ਸੁਹਾਵਣਾ ਹੁੰਦਾ ਹੈ। ਹਰ ਪਾਸੇ ਫੁੱਲਾਂ ਦਾ ਖੇੜਾ ਹੁੰਦਾ ਹੈ ਪਰ ਪ੍ਰੀਤਮ ਤੋਂ ਵਿਛੜੀ ਇਸਤਰੀ ਨੂੰ ਇਹ ਸਭ ਚੰਗਾ ਨਹੀਂ ਲਗਦਾ। ਇਸੇ ਤਰ੍ਹਾਂ ਵਿਸਾਖ, ਜੇਠ, ਹਾੜ ਮਹੀਨੇ ਵੀ ਵਿਯੋਗ ਵਿਚ ਹੀ ਗੁਜ਼ਰ ਜਾਂਦੇ ਹਨ। ਸਾਵਣ ਦਾ ਮਨਮੋਹਕ ਦ੍ਰਿਸ਼ ਇਸਤਰੀ ਮਨ ਨੂੰ ਹੋਰ ਤੜਪਾਉਂਦਾ ਹੈ:

*ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ।*
*ਮੈ ਮਨਿ ਤਨਿ ਸਹੁ ਭਾਵੈ ਪਿਰ ਪਰਦੇਸਿ ਸਿਧਾਏ।*
*ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ।*
*ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ।*
*ਹਰਿ ਬਿਨੁ ਨੀਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ।*
*ਨਾਨਕ ਸਾ ਸੋਹਾਗਣਿ ਕੰਤੀ ਪਿਰ ਕੈ ਅੰਕਿ ਸਮਾਵਏ।*

ਮੋਰਾਂ ਦੀ ਰੁਣ-ਝੁਣ, ਸਾਵਣ ਵਿਚ ਅੰਮ੍ਰਿਤ ਬੂੰਦਾਂ ਦਾ ਬਰਸਣਾ, ਘਣਿ ਘੋਰ ਘਟਾਵਾਂ ਦਾ ਛਾਉਣਾ, ਹਵਾਵਾਂ ਦਾ ਸ਼ੂਕਣਾ, ਬਿਜਲੀ ਦਾ ਚਮਕਣਾ ਸਾਵਣ ਰੁੱਤ ਦੇ ਮਨਮੋਹਕ ਦ੍ਰਿਸ਼ ਹਨ। ਮੁੰਧ ਕਟਾਰੇ, ਲੋਭੀ ਲੋਭ ਲੁਭਾਉਣਾ, ਸਹਿਜ ਸੁਭਾਇ ਹਰਿ ਸਿਉ ਪ੍ਰੀਤ ਬਣਨੀ, ਮਨ ਤਨ ਦਾ ਪਿਰ ਨੂੰ ਭਾਉਣਾ, ਪਿਰ ਦਾ ਪਰਦੇਸ਼ੀ ਹੋ ਜਾਣਾ, ਇਕੱਲਿਆਂ ਹਾਵਿਆਂ ਨਾਲ ਮਰਨਾ, ਡਰਨਾ, ਨੀਂਦ ਨਾ ਆਉਣੀ, ਭੁੱਖ ਨਾ ਲੱਗਣੀ, ਕੱਪੜੇ ਤਨ ਨੂੰ ਨਾ ਸਖਾਉਣੇ ਇਸਤਰੀ ਦੀ ਮਨੋ ਸਥਿਤੀ ਦਾ ਚਿੱਤਰ ਪੇਸ਼ ਕਰਦੇ ਹਨ। ਇਹ ਦੋਵੇਂ ਪ੍ਰਸਥਿਤੀਆਂ ਅੰਤਰ-ਸਬੰਧਿਤ ਹੋ ਕੇ ਸਾਵਣ ਦੇ ਹਰ ਕਰਮ ਨੂੰ ਇਸਤਰੀ ਦਾ ਪ੍ਰਤੀਕਰਮ ਬਣਾ ਦਿੰਦੀਆਂ ਹਨ।

ਸਾਵਣ ਮਹੀਨੇ ਦੇ ਸੁਹਾਵਣੇ ਦ੍ਰਿਸ਼ ਪ੍ਰੀਤਮ ਤੋਂ ਵਿਛੜੀ ਇਸਤਰੀ ਨੂੰ ਪ੍ਰਭਾਵਿਤ ਨਹੀਂ ਕਰਦੇ। ਅਸਮਾਨ ’ਤੇ ਬੱਦਲਾਂ ਦਾ ਛਾ ਜਾਣਾ ਮਨਮੋਹਕ ਦ੍ਰਿਸ਼ ਉਭਾਰਦਾ ਹੈ ਪਰ ਬਿਜਲੀ ਦੀ ਚਮਕ ਬਿਰਹਨ ਨੂੰ ਡਰਾਉਂਦੀ ਹੈ। ਦਰਅਸਲ ਉਹੀ ਸੁਹਾਗਣ ਹੈ ਜਿਸਦਾ ਪ੍ਰੀਤਮ ਉਸਦੇ ਕੋਲ ਹੈ। ਇਸੇ ਵਿਯੋਗ ਵਿਚ ਭਾਦੋਂ, ਅੱਸੂ, ਕੱਤਕ ਤੇ ਮੱਘਰ ਵਿਚ ਮੌਸਮ ਦੇ ਬਦਲਣ ਨਾਲ ਕੁਦਰਤ ਦੇ ਵੱਖ-ਵੱਖ ਰੰਗ ਉਜਾਗਰ ਹੁੰਦੇ ਹਨ। ਤੁਖਾਰੀ ਰਾਗ ਦਾ ਸਬੰਧ ਪੋਹ ਦੇ ਮਹੀਨੇ ਦੀ ਸਰਦੀ ਨਾਲ ਹੈ। ਸਰਦੀ ਦਾ ਮੌਸਮ ਆਪਣੇ ਨਾਲ ਕੋਰਾ ਤੇ ਸੋਕਾ ਲੈ ਕੇ ਆਉਂਦਾ ਹੈ। ਇਸ ਮਹੀਨੇ ਕੱਕਰ ਪੈਂਦਾ ਹੈ ਜੋ ਸਾਰੀ ਬਨਸਪਤੀ ਨੂੰ ਸੁਕਾ ਦਿੰਦਾ ਹੈ। ਦਰਅਸਲ ਪੋਹ ਦਾ ਮਹੀਨਾ ਬਿਰਹਨ ਦੇ ਮਨ ਦੀ ਅਵਸਥਾ ਨੂੰ ਬਿਆਨ ਕਰਦਾ ਹੈ।

ਫੱਗਣ 12 ਮਹੀਨਿਆਂ ਵਿਚ ਸਭ ਤੋਂ ਅਖੀਰ ਵਿਚ ਆਉਂਦਾ ਹੈ। ਸ਼ੁਭ ਕਰਮਾਂ ਰਾਹੀਂ ਪ੍ਰੀਤਮ ਨਾਲ ਮਿਲਾਪ ਹੋਣ ਕਰਕੇ ਇਸਤਰੀ ਆਨੰਦ ਦੀ ਅਵਸਥਾ ਵਿਚ ਹੈ। ‘ਬਾਰਹਮਾਹ ਤੁਖਾਰੀ’ ਦੇ ਸ਼ੁਰੂ ਵਿਚ ਬਿਰਹਾ ਦੀ ਤੀਬਰਤਾ ਮੱਧਮ ਹੈ, ਵਿਚਕਾਰ ਅੱਪੜ ਕੇ ਵਿਯੋਗ ਗ੍ਰਸਤ ਇਸਤਰੀ ਦੀ ਵੇਦਨਾ ਸਿਖਰ ਤਕ ਅੱਪੜਦੀ ਹੈ, ਫਿਰ ਇਹ ਦੁੱਖ ਘਟਦਾ ਜਾਂਦਾ ਹੈ ਅਤੇ ਅਖੀਰਲੀ ਪੌੜੀ ਵਿਚ ਸਮਾਪਤ ਹੋ ਜਾਂਦਾ ਹੈ। 17ਵੀਂ ਪੌੜੀ ਨਿਰੋਲ ਸੰਯੋਗ ਦੇ ਵਰਣਨ ਨਾਲ ਭਰਪੂਰ ਹੈ।

'ਬਾਰਹਮਾਹ ਤੁਖਾਰੀ' ਦੀ ਸੁਹਜ-ਸ਼ਾਸਤਰੀ, ਦਾਰਸ਼ਨਿਕ, ਸੰਸਾਰਿਕ ਤੇ ਅਧਿਆਤਮਿਕ ਵਿਆਖਿਆ ਕੀਤੀ ਜਾ ਸਕਦੀ ਹੈ। ਇਸ ਵਿਚ ਸੰਸਾਰਕ, ਭਾਵੁਕ ਅਤੇ ਅਧਿਆਤਮਿਕ ਅਰਥ ਮੌਜੂਦ ਹਨ। ਇਸਦੀ ਪਰੰਪਰਾਗਤ ਧੁਨੀ ਤੇ ਰਸ ਸਿਧਾਂਤਾਂ ਅਨੁਸਾਰ ਵਿਆਖਿਆ ਵੀ ਸੰਭਵ ਹੈ ਅਤੇ ਭਾਸ਼ਾਈ ਪ੍ਰਤੀਕਾਂ ਤੇ ਸ਼ਬਦ ਸ਼ਕਤੀਆਂ ਸਬੰਧੀ ਆਧੁਨਿਕ ਅਧਿਐਨ-ਦ੍ਰਿਸ਼ਟੀ ਤੋਂ ਇਸਨੂੰ ਅਧਿਐਨ ਦਾ ਵਿਸ਼ਾ ਵੀ ਬਣਾਇਆ ਜਾ ਸਕਦਾ ਹੈ। 'ਬਾਰਹਮਾਹ ਤੁਖਾਰੀ' ਵਿਚ ਇਕ ਤੀਬਰ ਕਾਵਿ-ਵਿਅੰਜਨਾ ਵਾਲੇ ਸਾਰੇ ਗੁਣ ਵੀ ਮੌਜੂਦ ਹਨ। ਇਹ ਰਚਨਾ ਅਧਿਆਤਮਿਕ ਬ੍ਰਿਹੋਂ ਕਾਵਿ ਦਾ ਉਤਮ ਨਮੂਨਾ ਹੈ। ਬ੍ਰਿਹੋਂ ਤੇ ਪਿਆਰ ਰਹੱਸਵਾਦੀ ਕਾਵਿ ਦੇ ਬੁਨਿਆਦੀ ਤੱਤ ਹਨ। ਪਿਆਰ ਆਪਣੇ ਉਤਮ ਰੂਪ ਵਿਚ ਭਗਤੀ ਬਣ ਜਾਂਦਾ ਹੈ ਅਤੇ ਚਿੰਤਨ ਤੇ ਦਰਸ਼ਨ ਨੂੰ ਰਹੱਸਵਾਦੀ ਬਣਾ ਦਿੰਦਾ ਹੈ।[12] ਰਹੱਸਵਾਦੀ ਕਵੀ ਦਾ ਰੱਬ ਪਿਆਰ ਯੋਗ (Lovable) ਹੁੰਦਾ ਹੈ। 'ਬਾਰਮਾਹ ਤੁਖਾਰੀ’ ਵਿਚ ਗੁਰੂ


**www.sanvad.org**
ISSN : 2395-1273

ਨਾਨਕ ਦੇਵ ਜੀ ਨੇ ਜਿਸ ਰੱਬ ਦੀ ਕਲਪਨਾ ਕੀਤੀ ਹੈ ਉਹ ਪਿਆਰ ਪਾਤਰ ਹੈ, ਮਹਿਬੂਬ ਹੈ ਤੇ ਮਤਲੂਬ ਹੈ।[13] ਉਹ ਇਸ਼ਕ ਦੇ ਕਾਬਲ ਹੈ ਅਤੇ ਪ੍ਰੀਤ ਦੀ ਵਸਤੂ ਹੈ। ਗੁਰੂ ਸਾਹਿਬ ਨੇ ਇਸੇ ਉਚਾਈ ਤੋਂ 'ਬਾਰਹਮਾਹ ਤੁਖਾਰੀ' ਵਿਚ ਮਹਾਂ ਨਾਇਕ ਦੀ ਕਲਪਨਾ ਕੀਤੀ ਹੈ।[14]

ਅਧਿਆਤਮਿਕ ਬ੍ਰਿਹੋਂ ਵਿਚ ਨਾਇਕ ਦੀ ਥਾਂ ਮਹਾਂ ਨਾਇਕ ਦਾ ਤਸੱਵਰ ਉਜਾਗਰ ਹੁੰਦਾ ਹੈ। ਇਸੇ ਕਰਕੇ 'ਬਾਰਹਮਾਹ ਤੁਖਾਰੀ' ਵਿਚ ਅਜਿਹਾ ਅਦਭੁੱਤ ਤੇ ਅਲੌਕਿਕ ਮਹਾਂਨਾਇਕ ਹੈ।[15] ਬ੍ਰਿਹੋਂ-ਕਾਵਿ ਦਾ ਇਹ ਮਹਾਂ ਨਾਇਕ ਪਿਆਰ ਦਾ ਧਨੀ ਅਤੇ ਮੁਹੱਬਤਾਂ ਦਾ ਚਿੰਨ੍ਹ ਹੈ ਜਿਸ ਦੇ ਵਿਛੋੜੇ ਵਿਚ ਜੀਵ ਇਸਤਰੀ ਪੁਕਾਰ ਉਠਦੀ ਹੈ:

*ਪਿਰ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ*
*ਬਿਰਹਿ ਬਿਰੋਧ ਤਨੁ ਛੀਜੈ।*

ਇਸ ਮਹਾਂ ਨਾਇਕ ਦੇ ਬਹੁਤੇ ਵਿਸ਼ੇਸ਼ਣ ਪਿਆਰ ਨਾਲ ਹੀ ਸਬੰਧਿਤ ਹਨ। ਦੁਨਿਆਵੀ ਪਿਆਰ ਵਿਚ ਆਪਣੇ ਪਿਆਰੇ ਲਈ ਜਿੰਨ੍ਹੇ ਵੀ ਖ਼ੂਬਸੂਰਤ ਸ਼ਬਦ ਮਿਲਦੇ ਹਨ 'ਬਾਰਹਮਾਹ ਤੁਖਾਰੀ' ਵਿਚ ਉਨ੍ਹਾਂ ਸਾਰਿਆਂ ਦੀ ਵਰਤੋਂ ਹੋਈ ਹੈ।[16] ਜੀਵ ਇਸਤਰੀ ਆਪਣੇ ਮਹਾਂ ਨਾਇਕ ਨੂੰ ਵੱਖ-ਵੱਖ ਤਰ੍ਹਾਂ ਦੇ ਪਿਆਰ ਭਿੱਜੇ ਸ਼ਬਦਾਂ ਨਾਲ ਸੰਬੋਧਨ ਕਰਦੀ ਹੈ। ਪਿਰ, ਪਿਆਰਾ, ਸਾਜਨ, ਢੋਲਾ, ਪ੍ਰੀਤਮ, ਵਰ, ਸਹੁ, ਰਸੀਆ, ਬੰਕੇ ਆਦਿ ਸ਼ਬਦਾਂ ਤੋਂ ਪ੍ਰਭੂ ਦਾ ਉਹੀ ਰੂਪ ਸਾਕਾਰ ਹੁੰਦਾ ਹੈ ਜਿਹੜਾ ਰਸੀਆ ਹੈ, ਪਿਆਰਾ ਹੈ ਅਤੇ ਨਾਇਕਾ ਦੀਆਂ ਸਾਰੀਆਂ ਮੁਹੱਬਤਾਂ ਦਾ ਕੇਂਦਰ ਹੈ।

'ਬਾਰਹਮਾਹ ਤੁਖਾਰੀ' ਗਿਆਨ ਮਾਰਗ ਦੀ ਬਜਾਏ ਭਗਤੀ ਮਾਰਗ ਦੇ ਨੇੜੇ ਹੈ। ਵਲਵਲਾ ਪ੍ਰਧਾਨ ਹੋਣ ਕਰਕੇ ਇਸ ਵਿਚ ਸਾਹਿਤਕ ਅੰਸ਼ ਵਧੇਰੇ ਹੈ। ਬੇਸ਼ੱਕ ਗੁਰੂ ਨਾਨਕ ਦੇਵ ਜੀ ਨਿਰਗੁਣ ਸਰੂਪ ਦੇ ਕਵੀ ਹਨ ਪਰ ਰਹੱਸਵਾਦੀ ਰੰਗਣ ਵੇਲੇ ਉਹ ਆਪਣੇ ਪ੍ਰਭੂ ਵਿਚ ਪਿਆਰ, ਸੁਹਜ, ਜਮਾਲ, ਜਲਾਲ ਅਤੇ ਸੌਂਦਰਯ ਵਰਗੇ ਮਨੁੱਖੀ ਗੁਣ ਸੰਚਿਤ ਕਰ ਦਿੰਦੇ ਹਨ। ਸ਼ਾਇਦ ਇਸੇ ਕਰਕੇ ਭਗਤੀ ਮਾਰਗ ਅਤੇ ਸੂਫੀ ਧਾਰਾ ਵਿਚ ਰੱਬ ਨਾਲ ਰੱਜ ਕੇ ਇਸ਼ਕ ਕੀਤਾ ਜਾਂਦਾ ਹੈ।[17]

'ਬਾਰਹਮਾਹ ਤੁਖਾਰੀ' ਦੀ ਨਾਇਕਾ ਭਾਰਤੀ ਪਰੰਪਰਾ ਅਨੁਸਾਰ ਸਮਰਪਣ ਵਾਲੀ ਹੈ। ਨਾਰੀ, ਧਨ, ਸਾਧਨ, ਸੋਹਾਗਣੀ, ਨਿਮਾਣੀ, ਨਿਤਾਣੀ, ਬਾਲੀ, ਗੁਣਵੰਤੀ, ਦੁਹੇਲੀ ਵਰਗੇ ਵਿਸ਼ੇਸ਼ਣ ਨਾਇਕਾ ਦੀਆਂ ਬੇਨਤੀਆਂ, ਜੋਦੜੀਆਂ, ਨਿਮ੍ਰਤਾ, ਆਜਜ਼ੀ ਤੇ ਹਲੀਮੀ ਦੇ ਨਾਲ ਨਾਲ ਸਹੁ ਪਿਆਰੀ, ਮਿਲਣ ਲਈ ਤਾਂਘਦੀ, ਸਜੀ-ਸ਼ਿੰਗਾਰੀ ਤੇ ਉਡੀਕ ਵਿਚ ਬਿਹਬਲ ਖੜ੍ਹੀ ਦਿਸਦੀ ਹੈ। ਅਧਿਆਤਮਿਕ ਸਿਧਾਂਤ ਅਨੁਸਾਰ ਜੀਵ ਨਿਰਬਲ ਹੈ ਅਤੇ ਪਰਮਾਤਮਾ ਸਰਬ ਸ਼ਕਤੀਮਾਨ ਹੈ। ਸਰਬ ਸ਼ਕਤੀਮਾਨ ਦੇ ਸਾਹਮਣੇ ਨਿਮਰ ਤੇ ਹਲੀਮ ਹੋਣਾ ਹੀ ਬਣਦਾ ਹੈ।[18]

'ਬਾਰਹਮਾਹ ਤੁਖਾਰੀ' ਅਜਿਹੀ ਰਚਨਾ ਹੈ ਜਿਸ ਵਿਚ ਰੱਬੀ ਮਹਾਂ ਨਾਇਕ ਨੂੰ ਕੰਤ ਰੂਪ ਵਿਚ ਵਰਣਨ ਕੀਤਾ ਗਿਆ ਹੈ। ਇਥੇ ਨਾਰ ਭਤਾਰ ਦੀ ਭਗਤੀ ਹੈ। ਗੁਰੂ ਸਾਹਿਬ ਨਿਰਗੁਣ ਵਿਚ ਸਰਗੁਣਤਾ ਭਰਦੇ ਹਨ ਅਤੇ ਆਪਣੇ ਰੱਬ ਨੂੰ ਭਤਾਰ ਦੇ ਰੂਪ ਵਿਚ ਚਿਤਰਦੇ ਹੋਏ ਉਸ ਤੋਂ ਬਲਿਹਾਰ ਜਾਂਦੇ ਹਨ। ਉਸ ਦੇ ਬਿਰਹੋਂ ਵਿਚ ਤੜਪਦੇ ਹਨ, ਉਸਦੀ ਮਿਲਣੀ ਲਈ ਤਾਂਘਦੇ ਹਨ ਅਤੇ ਆਪਣੇ ਦਿਲ ਦੇ ਗੁੱਝੇ ਭੇਤਾਂ ਨੂੰ ਸਾਂਝੇ ਕਰਦੇ ਹਨ। ਉਹ ਰੱਬ ਲਈ ਕੰਤ, ਬਾਂਕੇ, ਸੋਹਾਗ, ਰਸੀਆ, ਢੋਲਾ, ਪਿਰ, ਵਾਰ ਵਰਗੇ ਭਾਵਾਂ ਨਾਲ ਓਤ-ਪੋਤ ਸ਼ਬਦਾਂ ਦੀ ਵਰਤੋਂ ਕਰਦੇ ਹਨ। ਇਥੇ ਹਰ ਸਤਰ ਤੜਪ ਦੀ ਤਸਵੀਰ ਬਣ ਕੇ ਪ੍ਰਗਟ ਹੁੰਦੀ ਹੈ। ਗੁਰੂ ਸਾਹਿਬ ਨੇ ਨਾਇਕਾ ਦੀ ਬਿਹਬਲਤਾ ਅਤੇ ਪ੍ਰੀਤ ਸੁਨੇਹੇ ਦੇ ਇਜ਼ਹਾਰ ਨੂੰ ਏਨੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਹੈ ਕਿ ਇਹ ਰਚਨਾ ਅਧਿਆਤਮਿਕ ਸ਼ਿੰਗਾਰ ਰਸ ਦਾ ਉਤਮ ਨਮੂਨਾ ਬਣ ਜਾਂਦੀ ਹੈ।[19]

'ਬਾਰਹਮਾਹ ਤੁਖਾਰੀ' ਬ੍ਰਿਹੋਂ ਦੀਆਂ ਤੜਪਾਂ ਤੋਂ ਆਰੰਭ ਹੋ ਕੇ ਮਿਲਾਪ ਦੇ ਅਨੰਦ ਤਕ ਦਾ ਬੜਾ ਸੁੰਦਰ ਤੇ ਦਿਲਖਿੱਚਵਾਂ ਵਰਣਨ ਹੈ। ਇਸ ਦੇ ਅੰਤਲੇ ਛੰਦ ਵਿਚ ਪ੍ਰਭੂ ਮਿਲਾਪ ਦੀ ਝਾਕੀ ਪੇਸ਼ ਕੀਤੀ ਗਈ ਹੈ:

*ਭੇਦਸ ਮਾਹ ਰੁਤੀ ਥਿਤੀ ਵਾਰ ਭਲੇ।*
*ਘੜੀ ਮੂਰਤ ਪਲ ਸਾਚੇ ਆਏ ਸਹਿਜ ਮਿਲੇ।*
*ਪ੍ਰਭ ਮਿਲੇ ਪਿਆਰੇ ਕਾਰਜ ਸਾਰੇ ਕਰਤਾ ਸਬ ਬਿਧਿ ਜਾਣੇ।*
*ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰਮਗੁ ਮਾਣੇ।*
*ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖ ਮਸਤਕਿ ਭਾਗੋ।*
*ਨਾਨਕ ਅਹਿਨਿਸਿ ਰਾਵੇ ਪਰਤਿਮ ਹਰਿ ਵਰੁ ਥਿਰੁ ਸੋਹਾਗੋ।*

'ਹਰਿ ਵਰੁ ਥਿਰੁ ਸੋਹਾਗੋ' ਦੇ ਸ਼ਬਦ ਮਹਾਂ ਮਿਲਨ ਦਾ ਦ੍ਰਿਸ਼ ਪੇਸ਼ ਕਰਦੇ ਹਨ।[20] ਗੁਰੂ ਸਾਹਿਬ ਨੇ ਦੁਨਿਆਵੀ ਸੰਕੇਤਾਂ ਦੀ ਵਰਤੋਂ ਰਾਹੀਂ ਸਦੀਵੀ ਮਹਾਂ ਮਿਲਨ ਦਾ ਸ਼ਾਬਦਿਕ ਚਿੱਤਰ ਅੰਕਿਤ ਕੀਤਾ ਹੈ। 'ਬਾਰਹਮਾਹ ਤੁਖਾਰੀ' ਵਿਚ ਹਿਜ਼ਰ ਅਤੇ ਵਸਲ ਦਾ ਇਕਸੁਰ ਸਹਿਜ ਵਰਣਨ ਹੋਇਆ ਹੈ। ਨਾਇਕ ਦੀ ਧੁਖਦੀ ਵਿਥਿਆ ਅਤੇ ਵੇਦਨਾ ਮਹਾਂ ਮਿਲਨ ਦੇ ਰੰਗ ਮਾਨਣ ਵਿਚ ਵਟ ਜਾਂਦੀ ਹੈ।

ਇਸ ਰਚਨਾ ਦਾ ਆਖਰੀ ਪਦਾ (17) ਰਚਨਾ ਦੀ ਅੰਤਿਕਾ ਅਤੇ ਸਾਰੰਸ਼ ਵਜੋਂ ਦਰਜ ਹੈ। ਇਸ ਮੁਤਾਬਕ ਜਿਸ ਜੀਵ-ਇਸਤਰੀ ਦੇ ਅੰਦਰ ਪ੍ਰਭੂ ਦੀ ਯਾਦ ਹਮੇਸ਼ਾਂ ਲਈ ਕਾਇਮ ਹੋ ਜਾਂਦੀ ਹੈ, ਉਸ ਲਈ ਸਾਲ ਦੇ 12 ਮਹੀਨੇ ਹੀ ਸ਼ੁੱਭ ਹੁੰਦੇ ਹਨ। ਵੱਖ-ਵੱਖ ਮਹੀਨਿਆਂ ਦੌਰਾਨ ਬਦਲਣ ਵਾਲੀ ਪ੍ਰਕ੍ਰਿਤਕ ਅਵਸਥਾ ਉਸ ਉਤੇ ਹਾਵੀ ਅਤੇ ਪ੍ਰਭਾਵੀ ਨਹੀਂ ਹੁੰਦੀ। ਉਸ ਲਈ ਹਰੇਕ ਮਾਹ, ਸਭ ਰੁੱਤਾਂ, ਥਿਤਾਂ, ਦਿਨ, ਘੜੀਆਂ, ਮਹੂਰਤ ਆਦਿ ਸ਼ੁੱਭ ਹੁੰਦੇ ਹਨ। ਅਜਿਹੀ ਅਡੋਲ ਅਵਸਥਾ ਵਿਚ ਵਿਚ ਟਿਕਿਆ ਮਨੁੱਖ ਸਦਾਥਿਰ ਸੁਹਾਗ ਪ੍ਰਾਪਤ ਇਸਤਰੀ ਵਾਂਗ ਦਿਨ ਰਾਤ ਸਦੀਵੀ ਆਨੰਦ ਮਾਣਦਾ ਹੈ। ਫੱਗਣ ਮਹੀਨੇ ਦੀ ਪ੍ਰਕ੍ਰਿਤਕ ਅਵਸਥਾ ਪ੍ਰਭੂ ਮਿਲਾਪ ਵਿਚੋਂ ਪ੍ਰਾਪਤ ਖੇੜੇ ਅਤੇ ਆਨੰਦ ਦਾ ਹੀ ਪ੍ਰਗਟਾਵਾ ਹੈ।

**ਹਵਾਲੇ ਤੇ ਟਿੱਪਣੀਆਂ**


1. **ਮਹਾਨ ਕੋਸ਼**, ਪੰਨਾ 2101.
2. ਰਤਨ ਸਿੰਘ ਜੱਗੀ, **ਗੁਰੂ ਗ੍ਰੰਥ ਵਿਸ਼ਵਕੋਸ਼**, ਪੰਨਾ 489.
3. ਪਿਆਰਾ ਸਿੰਘ ਪਦਮ, **ਨਾਨਕ ਸਾਇਰੁ ਏਵ ਕਹਤ ਹੈ**, ਪੰਨਾ 100
4. ਗੁਰਬਚਨ ਸਿੰਘ ਰਾਹੀ, **ਗੁਰੂ ਨਾਨਕ ਬਾਣੀ ਵਿਵੇਚਨ**, ਪੰਨਾ 98.
5. ਪਿਆਰਾ ਸਿੰਘ ਪਦਮ, **ਪੰਜਾਬੀ ਬਾਰਾਂਮਾਹੇ**, ਪੰਨਾ 09.
6. **ਉਹੀ**, ਪੰਨਾ 10.
7. **ਉਹੀ**.
8. **ਉਹੀ**.
9. **ਉਹੀ**, ਪੰਨਾ 11.
10. **ਉਹੀ**, ਪੰਨਾ 12.
11. **ਉਹੀ**.
12. ਪ੍ਰੇਮ ਪ੍ਰਕਾਸ਼ ਸਿੰਘ, "ਬਾਰਹਮਾਹ ਤੁਖਾਰੀ:ਇਕ ਵਿਸ਼ਲੇਸ਼ਣ", **ਖੋਜ ਪੱਤ੍ਰਿਕਾ**, ਅੰਕ 3, ਪੰਨਾ 185.
13. **ਉਹੀ**.
14. **ਉਹੀ**.
15. **ਉਹੀ**.
16. **ਉਹੀ**, ਪੰਨਾ 186.
17. **ਉਹੀ**, ਪੰਨਾ 187.
18. **ਉਹੀ**.
19. **ਉਹੀ**, ਪੰਨਾ 191.
20. **ਉਹੀ**, ਪੰਨਾ 185.


◈



**www.sanvad.org**
ISSN : 2395-1273